ਸਵ. ਸ. ਹਰਨੇਕ ਸਿੰਘ ਰੋਡੇ ਦੀ ਪੁਸਤਕ 'ਮੋਗਾ ਬੋਲਦਾ ਹੈ' ਦਾ ਤੀਸਰਾ ਕਾਂਢ ਪ੍ਰਕਾਸ਼ਿਤ ਕਰ ਰਹੇ ਹਾਂ। ਇਥੇ ਪਾਠਕਾਂ ਦੀ ਜਾਣਕਾਰੀ ਲਈ ਇਹ ਦੱਸਣਾ ਜ਼ਰੂਰੀ ਹੈ ਕਿ ਇਹ ਪੁਸਤਕ 'ਮੋਗਾ ਬੋਲਦਾ ਹੈ' 2004 ਵਿੱਚ ਪ੍ਰਕਾਸ਼ਿਤ ਹੋਈ ਸੀ। ਇਸ ਲਈ ਇਸ ਪੁਸਤਕ ਵਿੱਚ ਬਿਆਨ ਸਥਾਨ, ਜਗ੍ਹਾ ਤੇ ਇਮਾਰਤਾਂ ਬਾਰੇ 2004 ਅਨੁਸਾਰ ਹੀ ਲਿਖਿਆ ਗਿਆ ਹੈ। ਉਸ ਤੋਂ ਬਾਅਦ ਵਿੱਚ ਮੋਗਾ ਜ਼ਿਲ੍ਹੇ ਦੀਆਂ ਹੋਈਆਂ ਤਬਦੀਲੀਆਂ ਬਾਰੇ ਕੋਈ ਕਿੰਤੂ-ਪ੍ਰੰਤੂ ਨਹੀਂ ਕੀਤਾ ਜਾ ਸਕਦਾ। ਇਹ ਵੀ ਦੱਸਣਾ ਜ਼ਰੂਰੀ ਹੈ ਕਿ ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਜਾਂ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਪੁਸਤਕ ਵਿੱਚ ਪ੍ਰਕਾਸ਼ਿਤ ਲੇਖਕ ਦੇ ਆਪਣੇ ਨਿੱਜੀ ਵਿਚਾਰ ਅਸੀਂ ਇਸ ਪੁਸਤਕ ਨੂੰ ਬਿਨਾਂ ਕਿਸੇ ਕਾਟ-ਸ਼ਾਟ ਦੇ ਹੂ-ਬ-ਹੂ ਪ੍ਰਕਾਸ਼ਿਤ ਕਰ ਰਹੇ ਹਾਂ। -ਸੰਪਾਦਕ

**ਮੋਗਾ ਬੋਲਦਾ ਹੈ**

**ਕਾਂਡ ਨੰ. 4**

ਲੇਖਕ: ਸ. ਹਰਨੇਕ ਸਿੰਘ ਰੋਡੇ
ਪੇਸ਼ਕਸ਼: ਢਾਡੀ ਸਾਧੂ ਸਿੰਘ ਧੰਮੂ (ਮੋ. 98143-71922)

# ਮੋਗੇ ਦੀਆਂ ਖਿੱਲਰੀਆਂ ਹੱਦਾਂ ਬੰਨੇ









ਇਸ ਦੇ ਵਿਕਸਤ ਹੁੰਦੇ ਇਕ ਪਿੰਡ ਤੋਂ ਕਸਬੇ ਅਤੇ ਕਸਬੇ ਤੋਂ ਸ਼ਹਿਰ ਬਨਣ ਨਾਲ ਸਮੇਂ-ਸਮੇਂ ਇਸ ਦੇ ਹੱਦਾਂ ਬੰਨੇ ਵੀ ਬਦਲਦੇ ਰਹੇ ਹਨ। ਇਹ ਇਕ ਹਕੀਕਤ ਹੈ ਕਿ ਜਦੋਂ ਮੋਗੇ ਦੀ ਸ਼ਾਦੀ ਪੱਕਾ ਕਲਾਂ ਦੇ ਰਹਿਣ ਵਾਲੇ ਬਾਰੇ ਸਰਾਂ ਦੇ ਘਰ ਹੋਈ ਸੀ। ਵਿਆਹ ਵੇਲੇ ਇਸ ਨੂੰ ਮਦਦ ਲਈ ਮੋਗੇ ਵਿਚ ਦੋ ਘਰ ਵੀ ਦਿੱਤੇ ਸਨ। ਉਹਨਾਂ ਦੋ ਘਰਾਂ ਤੋਂ ਹੀ ਇਸ ਮੋਗੇ ਵਿਚ ਵਸਦੇ ਸਰਾਂ ਗੋਤ ਨੇ ਵਿਕਾਸ ਕੀਤਾ ਹੈ।

ਜੇ ਮੋਗੇ ਦੇ ਵਿਕਾਸ ਖੇਤਰਫਲ ਨੂੰ ਨਿਹਾਰਨਾ ਹੋਵੇ ਤਾਂ ਲੁਧਿਆਣੇ ਵੱਲ ਨੂੰ ਮੋਗਾ ਚੂਹੜ ਚੱਕ ਤੱਕ ਕਈ ਮੀਲਾਂ ਵਿਚ ਫੈਲਿਆ ਹੋਇਆ ਹੈ। ਇਸੇ ਤਰ੍ਹਾਂ ਜੇ ਫਿਰੋਜ਼ਪੁਰ ਵੱਲ ਨੂੰ ਮੋਗੇ ਦੇ ਖਿੱਲਰੇ ਖੰਭਾਂ ਨੂੰ ਨਾਪੀਏ ਤਾਂ ਇਹ ਮੋਗਾ ਦਾਰਾਪੁਰ ਤੱਕ ਫੈਲਿਆ ਹੋਇਆ ਹੈ। ਇਸ ਤਰ੍ਹਾਂ ਜੇ ਕੋਟਕਪੂਰੇ ਵੱਲ ਇਸ ਦੀ ਹੱਦ ਬੰਨੇ ਨੂੰ ਨਿਹਾਰੀਏ ਤਾਂ ਇਹ ਮੋਗਾ ਰਿਆਸਤ ਫਰੀਦਕੋਟ ਦੀ ਪੁਰਾਣੀ ਹੱਦ ਤੱਕ ਆਪਣਾ ਪਸਾਰ ਕਰੀ ਬੈਠਾ ਹੈ, ਜਿਸ ਨੂੰ ਛੋਟੀ ਪੰਜ ਗਰਾਈਂ ਆਖਦੇ ਹਨ। ਇਸ ਤਰ੍ਹਾਂ ਹੀ ਅੰਮ੍ਰਿਤਸਰ ਵੱਲ ਪਿੰਡ 'ਕੜਾਹੇ ਵਾਲਾ' ਤੱਕ ਅਤੇ ਜਲੰਧਰ ਵੱਲ ਨੂੰ ਵੀ ਇਸ ਦੀ ਪਸਰਨ ਹੱਦ ਕਾਵਾਂ ਵਾਲੇ ਪੱਤਣ ਤੱਕ ਹੈ।

1983-84 ਦੇ ਵਿਚ ਇਹ ਮੋਗਾ 712 ਹੈਕਟੇਅਰ ਯਾਨੀ 11028 ਏਕੜ ਦੇ ਖੇਤਰਫਲ ਵਿਚ ਫੈਲਿਆ ਹੋਇਆ ਸੀ। ਜਿਸ ਵਿੱਚੋਂ 8922 ਏਕੜ ਵਾਹਿਕ ਅਤੇ 2106 ਏਕੜ ਗੈਰ ਮੁਮਕਿਨ ਸੀ। 1980 ਦੀ ਮਰਦਮਸ਼ੁਮਾਰੀ ਅਨੁਸਾਰ ਮੋਗੇ ਦੀ ਆਬਾਦੀ 8200 ਹਜ਼ਾਰ ਸੀ।

ਅੱਜ ਮੋਗਾ ਨਾ ਤਾਂ ਢਾਬ ਵਾਲਾ ਹੈ ਤੇ ਨਾ ਹੀ 'ਮੇਲੇ ਖੱਤਰੀ' ਵਾਲਾ। ਅੱਜ ਮੋਗਾ ਮਹਿਲਾ ਸਿੰਘ ਅਤੇ ਮੋਗਾ ਅਜੀਤ ਤੋਂ ਅੱਗੇ ਮੋਗਾ ਵਿਕਾਸ ਦੀਆਂ ਮੰਜ਼ਲਾਂ ਵੱਲ ਵੱਧ ਰਿਹਾ ਹੈ। ਮੋਗੇ ਸ਼ਹਿਰ ਦੀ ਵਧੀ ਆਬਾਦੀ ਨੂੰ ਵੇਖ ਕੇ 1995 ਵਿਚ ਇਸ ਨੂੰ ਜ਼ਿਲ੍ਹਾ ਮੋਗਾ ਦਾ ਦਰਜਾ 24 ਨਵੰਬਰ 1995 ਵਿਚ ਪ੍ਰਾਪਤ ਹੋਇਆ। ਸ. ਹਰਚਰਨ ਸਿੰਘ ਬਰਾੜ ਮੁੱਖ ਮੰਤਰੀ ਪੰਜਾਬ ਵੱਲੋਂ ਇਸ ਦੇ ਜ਼ਿਲ੍ਹਾ ਹੋਣ ਦਾ ਉਦਘਾਟਨ ਕੀਤਾ ਗਿਆ ਸੀ।

ਮੋਗੇ ਦੇ ਸਰਬਪੱਖੀ ਵਿਕਾਸ ਵਿਚ ਬਾਹਰੋਂ ਆਏ ਡਾਕਟਰਾਂ ਜਿਵੇਂ ਮਥਰਾ ਦਾਸ ਜਿਹੇ, ਬੁੱਧੀਜੀਵੀਆਂ ਅਤੇ ਬਾਹਰੋਂ ਆਈਆਂ ਹੋਰ ਕੌਮਾਂ ਦਾ ਵਿਸ਼ੇਸ਼ ਯੋਗਦਾਨ ਹੈ।

ਵੀਹਵੀਂ ਸਦੀ ਤੋਂ ਇਹ ਮੋਗਾ ਵਿਕਸਤ ਹੋਣਾ ਸ਼ੁਰੂ ਹੋ ਗਿਆ ਸੀ। ਅੱਜ ਇਹ ਜ਼ਿਲ੍ਹਾ ਮੋਗਾ ਕਈ ਮੀਲਾਂ ਵਿਚ ਫੈਲਿਆ, ਵੰਨ-ਸੁਵੰਨੀਆਂ ਲਾਲ ਬੱਤੀਆਂ ਨਾਲ ਸ਼ਿੰਗਾਰਿਆ ਦੂਰ ਸੰਚਾਰ ਦੇ ਟਾਵਰਾਂ ਨਾਲ ਇਸ ਦੇ ਵਿਕਾਸ ਦੀ ਝਲਕ ਕਈ ਮੀਲਾਂ ਤੋਂ ਹੀ ਨਜ਼ਰ ਆਉਣ ਲੱਗ ਜਾਂਦੀ ਹੈ।

9 ਜੁਲਾਈ 1999 ਨੂੰ ਇਕ ਨੋਟੀਫਿਕੇਸ਼ਨ ਜਾਰੀ ਕਰਕੇ ਪੰਜਾਬ ਸਰਕਾਰ ਨੇ ਇਸ ਮੋਗੇ ਗਿੱਲ ਦੇ ਵਿਕਾਸਸ਼ੀਲ ਸ਼ਹਿਰ ਨੂੰ ਚਾਰ ਚੰਨ ਲਾ ਦਿੱਤੇ। ਪੰਨਤਾਲੀ ਪਿੰਡ ਮੱਖੂ ਦੇ ਅਤੇ ਸੰਤਾਲੀ ਪਿੰਡ ਧਰਮਕੋਟ ਦੇ ਇਸ ਮੋਗੇ ਨਾਲ ਜੋੜ ਕੇ ਇਸ ਦੇ ਮਾਣ ਵਿਚ ਹੋਰ ਵਾਧਾ ਕਰ ਦਿੱਤਾ ਸੀ।

ਇਸ ਮੋਗੇ ਸ਼ਹਿਰ ਦਾ ਪਹਿਲਾ ਰਕਬਾ 166969 ਹੈਕਟੇਅਰ ਸੀ। ਇਹਨਾਂ ਪਿੰਡਾਂ ਦੇ ਸ਼ਾਮਿਲ ਹੋਣ ਨਾਲ ਇਹ ਵਧ ਕੇ 233887 ਹੈਕਟੇਅਰ ਹੋ ਗਿਆ। ਪਹਿਲਾਂ ਇਸ ਮੋਗੇ ਵਿਚ 180 ਪਿੰਡ ਸਨ ਅਤੇ ਹੁਣ 330 ਪਿੰਡਾਂ ਵਾਲਾ ਇਹ ਮੋਗਾ ਜ਼ਿਲ੍ਹਾ ਚਾਰ ਤਹਿਸੀਲਾਂ ਨਾਲ ਆਪਣੇ ਜਾਹੋ-ਜਲਾਲ ਵਿਚ ਰੋਸ਼ਨ ਮੀਨਾਰ ਹੈ। ਮੋਗਾ ਸ਼ਹਿਰ ਆਪਣੀ ਵਿਕਾਸਕ ਸ਼ਕਤੀ ਨਾਲ ਇੰਡਸਟਰੀ, ਵਿਦਿਆ, ਸੱਭਿਆਚਾਰ ਗਤੀਵਿਧੀਆਂ, ਸਾਹਿਤਕ ਗਤੀਵਿਧੀਆਂ ਅਤੇ ਸੰਸਕ੍ਰਿਤਕ ਅਤੇ ਭੂਗੋਲਿਕ ਖੇਤਰ ਵਿਚ ਸਰਬਪੱਖੀ ਵਿਕਾਸ ਕਰਕੇ ਇਕ ਨਵੇਂ ਇਤਿਹਾਸ ਦੀ ਸਿਰਜਣਾ ਕਰੇਗਾ।

**ਜਲਵਾਯੂ** - ਮੈਦਾਨੀ ਇਲਾਕੇ ਦੇ ਪ੍ਰਭਾਵ ਵਾਲਾ ਇਹ ਮੋਗੇ ਜ਼ਿਲ੍ਹੇ ਦਾ ਇਲਾਕਾ ਆਪਣੀ ਉਪਜਾਊ ਸ਼ਕਤੀ ਕਰਕੇ ਸਦੀਆਂ ਤੋਂ ਰੱਜਿਆ ਪੁੱਜਿਆ ਅਮੀਰ ਹੈ। ਸਦੀਆਂ ਤੋਂ ਦਰਿਆ ਇਸ ਦੀ ਹਿੱਕ ਉਤੇ ਵਗ-ਵਗ ਕੇ ਇਸ ਦੇ ਮੈਦਾਨੀ ਭਾਗਾਂ ਨੂੰ ਉਪਜਾਊ ਬਣਾਉਂਦੇ ਰਹੇ। ਇਸ ਦਾ ਅੰਦਾਜ਼ਾ ਚੰਗੀਆਂ ਭਰਵੀਆਂ ਫਸਲਾਂ, ਦਰੱਖਤਾਂ ਅਤੇ ਵੇਲ ਬੂਟਿਆਂ ਦੀ ਛਬ ਤੋਂ ਅਤੇ ਮਰਦਾਂ ਔਰਤਾਂ ਦੇ ਚੰਗੇ ਕੱਦ ਕਾਠ, ਨਿਖਰਵੇਂ ਚਿਹਰੇ-ਮੋਹਰੇ, ਚੁਸਤ ਤੇ ਖੜਕਵੀਂ ਤੋਰ ਅਤੇ ਬੋਲਬਾਲ ਤੋਂ ਲੱਗਦਾ ਹੈ। ਇਹ ਮੋਗਾ ਇਲਾਕਾ ਅੱਜ ਤੱਕ ਅਨਾਜ ਦਾ ਘਰ ਹੀ ਰਿਹਾ। ਉਸ ਦੇ ਉਪਜਾਊ ਗੁਣਾਂ ਨੂੰ ਵੇਖ ਕੇ ਇਸ ਨੂੰ ਸੋਨੇ ਦੀ ਚਿੜੀ ਕਹਿਣ ਨੂੰ ਜੀ ਕਰਦਾ ਹੈ।

ਮੋਗੇ ਇਲਾਕੇ ਦਾ ਜਲਵਾਯੂ ਆਪਣੇ ਖੇਤਰ ਦੇ ਅਨੁਸਾਰ ਗਰਮ ਅਤੇ ਖੁਸ਼ਕ ਵੀ ਹੈ। ਪਰ ਇਸ ਦੀ ਸਥਿਤੀ ਸਮੇਂ-ਸਮੇਂ ਅਨੁਸਾਰ ਬਦਲਦੀ ਰਹੀ ਹੈ। ਇਕ ਸਮਾਂ ਸੀ ਜਦੋਂ 635 ਈ. ਵਿਚ ਬਠਿੰਡੇ ਦਾ ਕਿਲ੍ਹਾ ਉਸਾਰਿਆ ਗਿਆ ਸੀ ਤਾਂ ਸਤਲੁਜ ਦਰਿਆ ਇਸ ਦੇ ਨਾਲ ਦੀ ਖਹਿ ਕੇ ਲੰਘਦਾ ਹੁੰਦਾ ਸੀ। ਇਹ ਆਪਣੀ ਵਿਸ਼ਾਲਤਾ ਵਿਚ ਵਹਿੰਦਾ ਹਠੂਰ ਜਿਹੇ ਪਿੰਡਾਂ ਦੇ ਨਾਲ ਦੀ ਵੀ ਲੰਘਦਾ ਸੀ ਅਤੇ ਇਸ ਖਿੱਤੇ ਨੂੰ ਹਰਿਆਲੀ ਬਖ਼ਸ਼ਦਾ ਸੀ।

ਇਸ ਖਿੱਤੇ ਦੀਆਂ ਹਰੀਆਂ ਭਰੀਆਂ ਚਰਾਂਦਾਂ ਪਿੱਛੇ ਮਾਨ, ਭੁੱਲਰਾਂ ਅਤੇ ਗਿੱਲਾਂ ਦੀ ਬੈਰਾੜਾਂ ਨਾਲ ਖਹਿਬਾਜ਼ੀ ਚਲਦੀ ਰਹੀ। ਇਹ ਵੀ ਇਸ ਖਿੱਤੇ ਦੀ ਵੱਡਪਣਤਾ ਸੀ। ਲੁਧਿਆਣੇ ਜ਼ਿਲ੍ਹੇ ਦੇ ਗਜ਼ਟੀਅਰਾਂ ਨੇ ਵੀ ਮਲਵਈ ਜੱਟਾਂ ਨੂੰ ਭਾਰਤ ਦੀ ਉੱਤਮ ਕਿਰਸਾਨੀ ਕਿਹਾ ਹੈ।

ਇਸ ਮਾਲਵੇ ਦੇ ਮੋਗੇ ਵਿਚਲੇ ਵਿਸ਼ਾਲ ਖਿੱਤੇ ਦੀ ਇਕ ਮਹਾਨ ਵਿਸ਼ੇਸ਼ਤਾ ਹੈ ਕਿ ਇਥੋਂ ਦੇ ਲੋਕ ਸੰਸਾਰ ਦੇ ਹਰ ਹਿੱਸੇ ਵਿਚ ਰਹਿ ਸਕਦੇ ਹਨ ਜਿਸ ਦੀ ਜਿਊਂਦੀ ਜਾਗਦੀ ਮਿਸਾਲ ਡੁਬਈ, ਆਬੂਧਾਬੀ ਆਦਿ ਗਰਮ ਮੁਲਕਾਂ ਵਿਚ ਕਈ ਹਜ਼ਾਰਾਂ ਦੀ ਗਿਣਤੀ ਵਿਚ ਇਸ ਖਿੱਤੇ ਦੇ ਨੌਜਵਾ ਸਖ਼ਤ ਮਿਹਨਤ ਕਰਕੇ ਆਪਣਾ ਜੀਵਨ ਪੱਧਰ ਉੱਚਾ ਚੁੱਕ ਰਹੇ ਹਨ।

ਅਪ੍ਰੈਲ, ਮਈ, ਜੂਨ ਤੱਕ ਤਾਂ ਬਹੁਤ ਗਰਮੀ ਦਾ ਮੌਸਮ ਚੱਲਦਾ ਹੈ। ਆਮ ਤੌਰ 'ਤੇ ਮਈ ਦਾ ਮਹੀਨਾ ਸਭ ਤੋਂ ਗਰਮ ਮਹੀਨਾ ਗਿਣਿਆ ਜਾਂਦਾ ਹੈ। ਮਈ-ਜੂਨ ਵਿਚ ਇਸ ਮੋਗੇ ਜ਼ਿਲ੍ਹੇ ਦੇ ਖਿੱਤੇ ਵਿਚ ਔਸਤ ਅਧਿਕਤਮ ਤਾਪਮਾਨ 40 ਤੋਂ 42 ਡਿਗਰੀ ਸੈਂਟੀਗਰੇਡ ਤੱਕ ਵੀ ਚਲਿਆ ਜਾਂਦਾ ਹੈ। ਖੁਸ਼ਕ ਵਾਤਾਵਰਨ, ਸਾਫ਼ ਆਸਮਾਨ ਹੋਣ 'ਤੇ ਸੂਰਜ ਡੁੱਬਣ ਤੋਂ ਬਾਅਦ ਤੱਕ ਵੀ ਗਰਮੀ ਆਪਣਾ ਜ਼ੋਰ ਦਿਖਾਉਂਦੀ ਹੈ। ਰਾਤ ਦੇ ਗਿਆਰਾਂ ਜਾਂ ਬਾਰਾਂ ਦੇ ਸਮੇਂ ਦੇ ਨਾਲ ਤਾਪਮਾਨ ਵਿਚ ਕੁਝ ਗਿਰਾਵਟ ਆਉਂਦੀ ਹੈ। ਦਿਨ ਵੇਲੇ ਤੇਜ ਧੁੱਪਾਂ ਅਤੇ ਗਰਮ ਲੂਆਂ ਚੱਲਦੀਆਂ ਇਸ ਤਰ੍ਹਾਂ ਲੱਗਦੀਆਂ ਹਨ ਜਿਵੇਂ ਦਰਿਆ ਦੀਆਂ ਲਹਿਰਾਂ ਚੱਲਦੀਆਂ ਹੋਣ। ਲੋਕ ਇਸ ਲੂਅ ਤੋਂ ਬਚਣ ਲਈ ਦਰੱਖਤਾਂ ਦਾ ਆਸਰਾ ਲੈਂਦੇ ਹਨ। ਇਸ ਸੰਬੰਧੀ ਕਈ ਕਹਾਵਤਾਂ ਵੀ ਮਸ਼ਹੂਰ ਹਨ -

'ਜੇਠ ਵਣਾਂ ਦੇ ਹੇਠ'

ਕਦੀ-ਕਦੀ ਹਨ੍ਹੇਰੀ-ਤੂਫ਼ਾਨਾਂ ਨਾਲ ਤਾਪਮਾਨ ਵਿਚ ਕੁਝ ਗਿਰਾਵਟ ਵੀ ਆ ਜਾਂਦੀ ਹੈ। ਇਹਨਾਂ ਤੂਫ਼ਾਨਾਂ ਨਾਲ ਕਈ ਵਾਰ ਗਰਜ ਨਾਲ ਥੋੜ੍ਹਾ ਬਹੁਤਾ ਮੀਂਹ ਵੀ ਪੈ ਜਾਂਦਾ ਹੈ ਜਿਸ ਨਾਲ ਕੁਝ ਦੇਰ ਲਈ ਸੜਦੀ ਬਲਦੀ ਗਰਮੀ ਤੋਂ ਛੁਟਕਾਰਾ ਵੀ ਹੋ ਜਾਂਦਾ ਹੈ। ਕਈ ਵਾਰ ਮਟੀਲੀਆਂ ਹਨ੍ਹੇਰੀਆਂ ਵਗ ਕੇ ਆਸਮਾਨ ਵਿਚ ਬਿਨਾਂ ਬੱਦਲਾਂ ਤੋਂ ਹੀ ਇੰਨੀ ਗਹਿਰ ਚੜ੍ਹ ਜਾਂਦੀ ਹੈ ਕਿ ਗਰਮੀ ਦੀ ਬਹੁਤਾਤ ਅਤੇ ਗਰਦ ਧੂੜ ਭਰੀ ਹਵਾ ਮਨੁੱਖਾਂ ਅਤੇ ਬਨਸਪਤੀ ਲਈ ਮਾਰੂ ਵੀ ਬਣ ਜਾਂਦੀ ਹੈ।

ਮਾਨਸੂਨ ਦੀਆਂ ਬਰਸਾਤਾਂ ਦੇ ਸ਼ੁਰੂ ਹੋਣ ਨਾਲ ਇਸ ਖਿੱਤੇ ਵਿਚ ਗਰਮੀ ਘੱਟ ਜਾਂਦੀ ਹੈ। ਪਰ ਕਦੇ-ਕਦੇ ਇਕਦਮ ਮੀਂਹ ਪੈ ਕੇ ਕੜਾਕੇ ਦੀ ਧੁੱਪ ਨਿਕਲ ਆਵੇ ਤਾਂ ਮਈ ਦਾ ਮਹੀਨਾ ਯਾਦ ਕਰਵਾ ਦਿੰਦੀ ਹੈ।

ਸਤੰਬਰ ਤੋਂ ਸਰਦੀਆਂ ਦੇ ਮੌਸਮ ਦੀ ਸ਼ੁਰੂਆਤ ਹੋ ਜਾਂਦੀ ਹੈ। ਸਰਦੀਆਂ ਵਿਚ ਕਈ ਵਾਰ ਪਾਰਾ 18-19 ਡਿਗਰੀ ਫਾਰਨਹੀਟ ਤੱਕ ਥੱਲੇ ਵੀ ਆ ਜਾਂਦਾ ਹੈ ਅਤੇ ਬਰਫਾਨੀ ਸਰਦੀ ਪੈਣ ਲੱਗ ਜਾਂਦੀ ਹੈ। ਇਸ ਠੰਢੇ ਮੌਸਮ ਦੇ ਆਉਣ ਤੋਂ ਪਹਿਲਾਂ ਇਕ ਅਜਿਹਾ ਮਹੀਨਾ ਵੀ ਆਉਂਦਾ ਹੈ ਜੋ ਮਿਲਵੇਂ ਮੌਸਮ ਦਾ ਪ੍ਰਤੀਕ ਹੈ।

**ਅੱਸੂ ਮਾਹ ਨਿਰਾਲਾ**
**ਦਿਨੇ ਧੁੱਪਾਂ ਤੇ ਰਾਤੀਂ ਪਾਲ੍ਹਾ।**

ਇਸਦੇ ਪੌਣ-ਪਾਣੀ ਦੀ ਇਹ ਵਡੱਪਣਤਾ ਰਹੀ ਹੈ ਕਿ ਇਸ ਨੇ ਪੰਜਾਬੀਆਂ ਨੂੰ ਆਲਸੀ ਨਹੀਂ ਹੋਣ ਦਿੱਤਾ ਤੇ ਇਹਨਾਂ ਨੂੰ ਤਕੜਾ ਰੱਖਿਆ। ਝੁਰਨ ਦੀ ਆਦਤ ਨਹੀਂ ਪੈਣ ਦਿੱਤੀ। ਇਸ ਖਿੱਤੇ ਦੇ ਲੋਕਾਂ ਨੇ ਅਰਬ ਦੇ ਭਖਦੇ ਰੇਤ ਦੇ ਬਰਫਾਨੀ ਹਵਾਵਾਂ ਨੂੰ ਵੀ ਪਿੰਡੇ 'ਤੇ ਜਰ ਕੇ ਹਰ ਔਕੜ ਦਾ ਮੁਕਾਬਲਾ ਕੀਤਾ ਹੈ। ਇਸੇ ਜਰਨ ਸ਼ਕਤੀ ਨੇ ਹੀ ਇਹਨਾਂ ਨੂੰ ਬਲਵਾਨ, ਬਹਾਦਰ, ਸੂਰਬੀਰ ਅਤੇ ਇਸ ਖਿੱਤੇ ਨੂੰ ਖੇਤੀ ਪ੍ਰਧਾਨ ਇਲਾਕਾ ਬਣਾਇਆ ਹੈ ਅਤੇ ਨਾਲ ਹੀ ਨਾਲ ਦੁਸ਼ਮਣ ਦਾ ਟਾਕਰਾ ਕਰਨ ਲਈ ਤਿਆਰ ਵੀ ਕੀਤਾ ਹੈ। ਪੁਰਾਤਨ ਪੰਥ ਪ੍ਰਕਾਸ਼ ਦੇ ਕਰਤਾ ਰਤਨ ਸਿੰਘ ਭੰਗੂ ਇਨ੍ਹਾਂ ਦੀ ਮਹਾਨਤਾ ਬਾਰੇ ਲਿਖਦੇ ਹਨ ਕਿ ਸੌ ਸੌ ਕੋਸ ਘੋੜਿਆਂ ਦੀਆਂ ਕਾਠੀਆਂ ਉੱਤੇ ਸਵਾਰੀ ਕਰਨ ਲਈ ਇਹਨਾਂ ਨੂੰ ਇਹਨਾਂ ਦੇ ਪੌਣ-ਪਾਣੀ ਨੇ ਹੀ ਤਿਆਰ ਕੀਤਾ ਸੀ।

ਪਿਛਲੇਰੇ ਸਮੇਂ ਦੇ ਮੁਤਾਬਿਕ ਅੱਜ ਇਹ ਇਲਾਕਾ ਘੱਟ ਵਰਖਾ ਵਾਲਾ ਖਿੱਤਾ ਬਣ ਗਿਆ। ਇਸ ਦਾ ਕਾਰਨ (ਜੰਗਲ) ਦਰੱਖ਼ਤਾਂ ਦੀ ਹੱਦ ਤੋਂ ਵੱਧ ਕਟਾਈ ਵੀ ਹੋ ਸਕਦਾ ਹੈ। ਦਰੱਖ਼ਤਾਂ ਦੀ ਅੰਨ੍ਹੇਵਾਹ ਕਟਾਈ ਨਾਲ ਕਿੱਕਰ, ਨਿੰਮ, ਟਾਹਲੀ ਵਰਗੇ ਸਾਡੇ ਪੁਰਾਤਨ ਦਰੱਖ਼ਤ ਸਾਡੇ ਕੋਲੋਂ ਖੁੱਸਦੇ ਜਾ ਰਹੇ ਹਨ। ਵਾਰਸ਼ਿਕ ਵਰਖਾ ਦੀ ਮਿਣਤੀ ਦਿਨ-ਬ-ਦਿਨ ਘੱਟਦੀ ਜਾ ਰਹੀ ਹੈ। ਜ਼ਿਆਦਾ ਪਾਣੀ ਲੈਣ ਵਾਲੀਆਂ ਫਸਲਾਂ ਦੀ ਬਹੁਲਤਾ ਕਰਕੇ ਪਾਣੀ ਦੀ ਹੇਠਲੀ ਸਤ੍ਹਾ ਵੀ ਥੱਲੇ ਨੂੰ ਜਾ ਰਹੀ ਹੈ ਜੋ ਅੱਜ ਪੰਜਾਹ ਤੋਂ ਅੱਸੀ ਫੁੱਟ ਤੱਕ ਪਹੁੰਚ ਗਈ ਹੈ। ਇਹ ਵੀ ਵਰਖਾ ਦੀ ਘਾਟ ਦਾ ਕਾਰਨ ਹੀ ਹੈ।

ਵਰਖਾ ਆਮ ਤੌਰ ਤੇ ਜੁਲਾਈ ਸਤੰਬਰ ਤੱਕ ਹੀ ਹੁੰਦੀ ਹੈ। ਸਿਆਲ ਵਿਚ ਮਾੜਾ ਮੋਟਾ ਹੀ ਮੀਂਹ ਪੈਂਦਾ ਹੈ। ਫੱਗਣ ਦੀਆਂ ਠੰਡੀਆਂ ਹਵਾਵਾਂ ਨੂੰ ਮਹਿਸੂਸ ਕਰਕੇ ਕਈ ਵਾਰ ਇਸ ਖਿੱਤੇ ਦੇ ਲੋਕ ਇਹ ਵੀ ਕਹਿੰਦੇ ਸੁਣੇ ਜਾਂਦੇ ਹਨ -

**ਪੈਰੀਂ ਜੁੱਤੀ ਝੋਲੇ ਖੇਸ**
**ਗਹਿਣਾ ਕੰਮ ਦਵਾ ਦਾ**
**ਪਾਲਾ ਪੋਹ ਨਾ ਪਾਲਾ ਮਾਘ**
**ਪਾਲਾ ਠੰਢੀ ਵਾ ਦਾ...**